# ਮਨੁੱਖੀ ਅਧਿਕਾਰਾਂ ਦਾ ਝੰਡਾ ਬਰਦਾਰ : ਗੁਰਸ਼ਰਨ ਸਿੰਘ

ਡਾ. ਸਤੀਸ਼ ਕੁਮਾਰ ਵਰਮਾ

**ਕਿਸੇ ਵੀ ਕਲਮਕਾਰ ਜਾਂ ਕਲਾਕਾਰ ਦਾ ਮੁੱਢਲਾ ਕਾਰਜ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਵਾਜ਼ ਬੁਲੰਦ ਕਰਨਾ ਹੁੰਦਾ ਹੈ।** ਸਾਨੂੰ ਸਮਾਜਿਕ, ਸਭਿਆਚਾਰਕ ਤੇ ਰਾਜਨੀਤਕ ਤੌਰ 'ਤੇ ਜਿਹੜੇ ਅਧਿਕਾਰ ਮਿਲੇ ਹਨ ਉਨ੍ਹਾਂ ਨੂੰ ਮਾਨਣਾ ਹਰ ਬਸ਼ਰ ਦਾ ਬੁਨਿਆਦੀ ਹੱਕ ਹੈ ਲੇਕਿਨ ਸਮੇਂ-ਸਮੇਂ ਸਮਾਜ, ਸਭਿਆਚਾਰ ਤੇ ਰਾਜਨੀਤੀ ਦੇ ਅਖੌਤੀ ਠੇਕੇਦਾਰ ਇਨ੍ਹਾਂ ਹੱਕਾਂ 'ਤੇ ਆਪਣਾ ਅਜਿਹਾ ਅਧਿਕਾਰ ਜਮਾਉਂਦੇ ਹਨ ਕਿ ਜਨ ਸਾਧਾਰਨ ਦੀ ਹਾਲਤ ਚੱਕੀ ਦੇ ਪੁੜਾਂ ਵਿਚ ਪਿਸਣ ਵਾਲੀ ਹੋ ਜਾਂਦੀ ਹੈ। ਇਕ ਪਾਸੇ ਅਧਿਕਾਰਾਂ ਦੀ ਪ੍ਰਾਪਤੀ ਦੇ ਨੇਮਾਂ ਦਾ ਪੁੜ ਤੇ ਦੂਜੇ ਪਾਸੇ ਹੱਕਮਾਰਾਂ ਦਾ ਪੁੜਨੇਮ ਉਸ ਨੂੰ ਹੱਕਾਂ ਦੀ ਪ੍ਰਾਪਤੀ ਵੱਲ ਧੱਕਦੇ ਹਨ ਪਰ ਨੇਮਾਂ 'ਤੇ ਕਬਜ਼ਾ ਜਮਾਈ ਬੈਠੇ ਲੋਕ ਹੱਕ-ਪ੍ਰਾਪਤੀ ਹੋਣ ਨਹੀਂ ਦਿੰਦੇ। ਅਜੋਕੇ ਲੋਕਤੰਤਰੀ ਭਾਰਤ ਵਿਚ ਇਹ ਸਥਿਤੀ ਹੋਰ ਵੀ ਵਿਕਰਾਲ ਰੂਪ ਧਾਰ ਗਈ ਹੈ। ਦੁਨੀਆਂ ਦੀ ਇਕ ਵੱਡੀ ਜਮਹੂਰੀਅਤ ਹੋਣ ਕਾਰਨ ਹਰ ਨਾਗਰਿਕ ਨੂੰ ਸੰਵਿਧਾਨ ਵੱਲੋਂ ਮਨੁੱਖੀ ਅਧਿਕਾਰ ਦਿੱਤੇ ਗਏ ਹਨ, ਨੇਮ ਬਣੇ ਹੋਏ ਹਨ ਪਰੰਤੂ ਰਾਜਨੀਤੀ 'ਤੇ ਕਾਬਜ਼ ਧਿਰਾਂ ਅਤੇ ਉਨ੍ਹਾਂ ਨੂੰ ਫੀਡ ਕਰਨ ਵਾਲੀ ਲੋਟੂ ਸ਼੍ਰੇਣੀ ਥਾਂ-ਥਾਂ 'ਤੇ ਅੜਿੱਕੇ ਡਾਹੁੰਦੀ ਹੈ ਤੇ ਆਮ ਨਾਗਰਿਕ ਮਾਨਵੀ ਅਧਿਕਾਰਾਂ ਨੂੰ ਮਾਨਣ ਦੀ ਥਾਂ ਗ਼ੁਲਾਮਾਂ ਵਰਗੀ ਜ਼ਿੰਦਗੀ ਜੀਣ ਲਈ ਮਜਬੂਰ ਹੋ ਰਿਹਾ ਹੈ। ਅਜਿਹੇ ਸਮੇਂ ਜਿਹੜੇ ਕਲਮਕਾਰ ਤੇ ਕਲਾਕਾਰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਮੈਦਾਨ ਵਿਚ ਨਿੱਤਰੇ ਹਨ ਤੇ ਮਨੁੱਖੀ ਅਧਿਕਾਰਾਂ ਦੇ ਝੰਡਾ ਬਰਦਾਰ ਬਣੇ ਹਨ ਉਨ੍ਹਾਂ ਵਿਚ ਇਕ ਪ੍ਰਮੁੱਖ ਨਾਂ ਨਾਟਕਕਾਰ ਤੇ ਰੰਗਕਰਮੀ ਗੁਰਸ਼ਰਨ ਸਿੰਘ ਦਾ ਹੈ ਜਿਸ ਬਾਰੇ ਇਹ ਕਹਿਣਾ ਯੋਗ ਹੋਵੇਗਾ ਕਿ ਗੁਰਸ਼ਰਨ ਸਿੰਘ ਪੰਜਾਬੀ ਰੰਗਮੰਚ ਦਾ ਭਰ ਵਗਦਾ ਦਰਿਆ ਹੈ। ਉਹ ਵਾਹਿਦ ਐਸਾ ਰੰਗਕਰਮੀ ਹੈ ਜਿਸ ਨੇ ਗਿਣਤੀ ਵਿਚ ਸਭ ਤੋਂ ਵੱਧ ਪ੍ਰੋਡਕਸ਼ਨਾਂ ਦਿੱਤੀਆਂ ਹਨ। ਉਸ ਨੇ ਪੰਜਾਬ ਦਾ ਚੱਪਾ-ਚੱਪਾ ਗਾਹਿਆ ਹੈ। ਸ਼ਾਇਦ ਹੀ ਕੋਈ ਐਸਾ ਪਿੰਡ ਹੋਵੇ ਜਿਸ ਵਿਚ ਗੁਰਸ਼ਰਨ ਸਿੰਘ ਆਪਣਾ ਥੀਏਟਰ ਲੈ ਕੇ ਨਾ ਪੁੱਜਿਆ ਹੋਵੇ। ਉਸ ਨੇ ਪੰਜਾਬੀ ਰੰਗਮੰਚ ਦੇ ਖੇਤਰ ਵਿਚ ਬਹੁਪਾਸਾਰੀ ਕਾਰਜ ਕੀਤਾ ਹੈ। ਨਿੱਜੀ ਪੱਧਰ 'ਤੇ ਇਕ ਕਲਾਕਾਰ ਹੋਣ ਦੀ ਹੈਸੀਅਤ ਵਿਚ ਉਸ ਦਾ ਆਪਣਾ ਅੰਦਾਜ਼ ਹੈ ਤੇ ਆਪਣੀ ਪਛਾਣ ਹੈ। ਜੇ ਤੁਲਨਾ ਕਰਨੀ ਹੋਵੇ ਤਾਂ ਜਿਵੇਂ ਭਾਰਤੀ ਥੀਏਟਰ ਵਿਚ ਪ੍ਰਿਥਵੀ ਰਾਜ ਕਪੂਰ ਦੀ ਨਿਵੇਕਲੀ ਅਭਿਨਯ ਸ਼ੈਲੀ ਸੀ ਉਸੇ ਤਰ੍ਹਾਂ ਪੰਜਾਬ ਵਿਚ ਗੁਰਸ਼ਰਨ ਸਿੰਘ ਦੀ ਹੈ। ਪੰਜਾਬ ਦੇ ਦਰਜਨਾਂ ਕਲਾਕਾਰ ਗੁਰਸ਼ਰਨ ਸਿੰਘ ਦੀ ਨਕਲ ਉਵੇਂ ਹੀ ਮੰਚਾਂ 'ਤੇ ਕਰਦੇ ਹਨ ਜਿਵੇਂ ਫਿਲਮ ਸਟਾਰਾਂ ਦੀ ਨਕਲ ਕੀਤੀ ਜਾਂਦੀ ਹੈ। 1957 ਵਿਚ ਨੰਗਲ ਵਿਖੇ ਭਾਖੜਾ ਡੈਮ 'ਤੇ ਇੰਜੀਨੀਅਰ ਵਜੋਂ ਕੰਮ ਕਰਦਿਆਂ ਉਸ ਨੇ ਥੀਏਟਰ ਆਰੰਭ ਕੀਤਾ। ਲੋਕ-ਪੱਖੀ ਸੋਚ ਨੂੰ ਪ੍ਰਣਾਏ ਗੁਰਸ਼ਰਨ ਸਿੰਘ ਨੇ ਸੋਚਿਆ ਕਿ ਜੇ ਅਸੀਂ ਪਾਣੀਆਂ ਨੂੰ ਡੈਮ

ਬਣਾ ਕੇ ਬੰਨ੍ਹ ਸਕਦੇ ਹਾਂ ਤਾਂ ਲੋਕ-ਸ਼ਕਤੀ ਦੇ ਦਰਿਆ ਨੂੰ ਕਿਉਂ ਨਹੀਂ ਬੰਨ੍ਹ ਸਕਦੇ ਤੇ ਉਹ ਲੋਕ-ਪੱਖੀ ਥੀਏਟਰ ਦੇ ਰਾਹ ਦਾ ਪੱਕਾ ਪਾਂਧੀ ਹੋ ਗਿਆ। ਮੁੜ ਦਹਾਕਾ ਭਰ ਅੰਮ੍ਰਿਤਸਰ ਸ਼ਹਿਰ ਵਿਚ ਥੀਏਟਰ ਕਰਨ ਤੋਂ ਬਾਅਦ 1969 ਵਿਚ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਸ਼ਤਾਬਦੀ ਦੇ ਮੌਕੇ ਉਸ ਦਾ ਰੁਖ਼ ਪਿੰਡਾਂ ਵੱਲ ਹੋ ਗਿਆ। ਗੁਰਦਿਆਲ ਸਿੰਘ ਫੁੱਲ ਦੇ ਪਚਵੰਜਾ ਪਾਤਰਾਂ ਵਾਲੇ ਨਾਟਕ "ਜਿਨੁ ਸਚੁ ਪਲੈ ਹੋਇ" ਨੂੰ ਉਸ ਨੇ ਪੰਜ ਕਲਾਕਾਰਾਂ ਨਾਲ ਖੇਡ ਕੇ ਪੰਜਾਬ ਦੇ ਪਿੰਡਾਂ ਤੱਕ ਰਸਾਈ ਕੀਤੀ ਤੇ ਮੁੜ ਚੱਲ ਸੋ ਚੱਲ। ਉਹ ਹਜ਼ਾਰਾਂ ਦੀ ਗਿਣਤੀ ਵਿਚ ਪੇਸ਼ਕਾਰੀਆਂ ਦੇ ਚੁੱਕਾ ਹੈ। ਨੁੱਕੜ ਨਾਟਕ ਕਰਕੇ ਪੰਜਾਬ ਵਿਚ ਹੀ ਨਹੀਂ ਸਗੋਂ ਉਹ ਸਮੁੱਚੇ ਭਾਰਤ ਵਿਚ ਮੋਢੀਆਂ ਵਾਲਾ ਸਥਾਨ ਰੱਖਦਾ ਹੈ। ਦੇਸ਼ ਭਰ ਦੇ ਪ੍ਰਾਂਤਾਂ ਤੇ ਸ਼ਹਿਰਾਂ ਥੀਂ ਹੁੰਦਾ ਹੋਇਆ ਉਹ ਵਿਦੇਸ਼ਾਂ ਵਿਚ ਵੀ ਨਾਟਕ ਖੇਡ ਆਇਆ ਹੈ ਤੇ ਆਪਣੇ ਨਾਟਕ 'ਭਾਈ ਮੰਨਾ ਸਿੰਘ' ਨੂੰ ਟੀ.ਵੀ. ਰਾਹੀਂ ਪੇਸ਼ ਕਰਕੇ 'ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ' ਦਾ ਲਕਬ ਵੀ ਪ੍ਰਾਪਤ ਕਰ ਚੁੱਕਾ ਹੈ।

ਗੁਰਸ਼ਰਨ ਸਿੰਘ ਬਾਮਕਸਦ ਰੰਗਕਰਮ ਦਾ ਹਾਮੀ ਹੈ। ਉਸ ਲਈ ਲੋਕ-ਹਿੱਤ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਪਹਿਲਾਂ ਹਨ ਤੇ ਥੀਏਟਰ ਬਾਅਦ ਵਿਚ। ਉਸ ਨੇ ਆਪਣੇ ਲੋਕ-ਪੱਖੀ ਵਿਚਾਰਾਂ ਲਈ ਥੀਏਟਰ ਨੂੰ ਵਾਹਨ ਬਣਾਇਆ ਹੈ। ਕਈ ਲੋਕ ਇਸ ਲਈ ਉਸ ਨੂੰ ਭੰਡਦੇ ਵੀ ਹਨ ਤੇ ਉਸ ਦੇ ਥੀਏਟਰ ਨੂੰ ਨਿਰੋਲ ਪ੍ਰਚਾਰ ਕਹਿੰਦੇ ਹਨ ਪਰ ਮੇਰੀ ਧਾਰਨਾ ਹੈ ਕਿ ਵਿਚਾਰਾਂ ਦੇ ਪ੍ਰਚਾਰ ਲਈ ਪੋਸਟਰ, ਰੈਲੀਆਂ, ਨਾਅਰਿਆਂ, ਧਰਨਿਆਂ ਦੀ ਥਾਂ **ਜੇ ਥੀਏਟਰ ਮਾਧਿਅਮ ਬਣਿਆ ਤਾਂ ਇਸ ਵਿਚ ਥੀਏਟਰ ਦੀ ਸ਼ਕਤੀ ਵੀ ਹੈ ਤੇ ਨਾਲ ਦੀ ਨਾਲ ਥੀਏਟਰ ਦੇ ਮਾਧਿਅਮ ਦਾ ਪ੍ਰਸਾਰ ਤੇ ਪ੍ਰਚਾਰ ਵੀ। ਇਹੀ ਕਾਰਨ ਹੈ ਕਿ 'ਗੌਣ' ਸੁਣਨ ਦੇ ਆਦੀ ਪੰਜਾਬੀਆਂ ਨੂੰ ਗੁਰਸ਼ਰਨ ਸਿੰਘ ਨੇ ਡਰਾਮਾ ਵੇਖਣ ਲਾਇਆ ਹੈ।** ਉਸ ਨੇ ਜਨ-ਜੀਵਨ ਵਿਚ ਇਸ ਵਿਧਾ ਦੀ ਪਛਾਣ ਕਰਵਾਈ ਹੈ। ਜਨ-ਮਾਨਸ ਵਿਚ ਇਹ ਰੁਝਾਨ ਗੁਰਸ਼ਰਨ ਸਿੰਘ ਕਰਕੇ ਆਇਆ ਕਿ ਦੋ ਬੰਦੇ ਆਪਸ ਵਿਚ ਕਹਿੰਦੇ ਕਿ 'ਚਲੋ ਡਰਾਮਾ ਵੇਖਣ ਚੱਲੀਏ'। ਜਿਹੜਾ ਕੰਮ ਸਰਕਾਰੀ ਅਦਾਰੇ, ਯੂਨੀਵਰਸਿਟੀਆਂ ਆਦਿ ਰਲ ਕੇ ਨਹੀਂ ਕਰ ਸਕੇ, ਉਹ ਇਕੱਲਾ ਗੁਰਸ਼ਰਨ ਸਿੰਘ ਨੇ ਕਰ ਵਿਖਾਇਆ। ਗੁਰਸ਼ਰਨ ਸਿੰਘ ਉਦੋਂ ਉਠਿਆ ਸੀ ਜਦੋਂ ਇਪਟਾ ਮੱਧਮ ਪੈ ਰਹੀ ਸੀ ਤੇ ਉਸ ਨੇ ਇਪਟਾ ਵਰਗੀ ਲਹਿਰ ਦਾ ਪੁਨਰ-ਉੱਥਾਨ ਪਲਸ (ਪੰਜਾਬ ਲੋਕ ਸਭਿਆਚਾਰ) ਮੰਚ ਬਣਾ ਕੇ ਕੀਤਾ। ਪੰਜਾਬ ਦੇ ਕਾਲੇ ਦੌਰ ਵਿਚ ਉਭਰੀ ਇਸ ਲੋਕ-ਪੱਖੀ ਸੰਸਥਾ, ਜਿਸ ਦਾ ਉਹ ਸੰਸਥਾਪਕ ਹੈ, ਨੇ ਪੰਜਾਬੀ ਰੰਗਮੰਚ ਦੇ ਇਤਿਹਾਸ ਵਿਚ ਆਪਣਾ ਇਤਿਹਾਸਕ ਰੋਲ ਨਿਭਾਇਆ ਹੈ। ਪਲਸ ਮੰਚ ਦੇ ਉੱਥਾਨ ਨਾਲ ਹੀ ਪੰਜਾਬ ਵਿਚ ਇਪਟਾ ਮੁੜ ਸਰਗਰਮ ਹੋਈ। ਉਸ ਨੇ ਆਪਣੇ ਵਰਗੇ ਸੈਂਕੜੇ ਰੰਗਕਰਮੀ ਤੇ ਦਰਜਨਾਂ ਨਾਟ-ਟੋਲੇ ਤਿਆਰ ਕੀਤੇ ਹਨ ਜਿਹੜੇ ਲੋਕ-ਪੱਖੀ ਥੀਏਟਰ ਨੂੰ ਸਮਰਪਿਤ ਹਨ। ਉਸ ਨੇ ਆਪਣੇ ਪਰਿਵਾਰ ਨੂੰ ਥੀਏਟਰ ਵਿਚ ਲਾਇਆ ਹੈ ਤੇ ਥੀਏਟਰ ਨੂੰ ਆਪਣਾ ਪਰਿਵਾਰ ਬਣਾਇਆ ਹੈ। ਗੁਰਸ਼ਰਨ ਸਿੰਘ ਦਾ ਇਹ ਵਡੇਰਾ ਪਰਿਵਾਰ ਭਾਵ ਥੀਏਟਰ ਪਰਿਵਾਰ ਹੀ ਅਸਲ ਵਿਚ ਉਸ ਦੇ ਬਾਮਕਸਦ ਰੰਗਕਰਮ ਦੀ ਬੁਨਿਆਦ ਹੈ। ਆਪਣੇ ਨਿੱਜੀ ਤੇ ਪਰਿਵਾਰਕ ਯਤਨਾਂ ਤੋਂ ਅੱਗੇ ਤੁਰ ਕੇ 'ਪਲਸ' (ਪੰਜਾਬ ਲੋਕ ਸਭਿਆਚਾਰ) ਮੰਚ ਦੀ ਸਥਾਪਨਾ ਅਤੇ ਹੋਰ ਰੰਗਕਰਮੀਆਂ ਨੂੰ ਉਤਸ਼ਾਹਿਤ ਕਰਨ ਦੇ

ਬਹਾਨੇ ਗੁਰਸ਼ਰਨ ਸਿੰਘ ਨੇ ਆਪਣੀ ਪ੍ਰਤੀਬੱਧਤਾ ਦਾ ਰੰਗ-ਸੰਚਾਰ ਕੀਤਾ ਹੈ।

ਗੁਰਸ਼ਰਨ ਸਿੰਘ ਦੇ ਨਾਟ-ਮੰਚ ਦਾ ਕੇਂਦਰੀ ਧੁਰਾ ਮਨੁੱਖੀ ਅਧਿਕਾਰਾਂ ਦੀ ਰਾਖੀ ਹੈ ਜਿਸ ਦਾ ਪ੍ਰਮਾਣ ਉਸ ਦੇ ਸਾਰੇ ਨਾਟਕ ਅਤੇ ਪੇਸ਼ਕਾਰੀਆਂ ਹੀ ਹਨ। ਫ਼ਰਕ ਏਨਾ ਹੀ ਹੈ ਕਿ ਉਹ ਅਲੱਗ-ਅਲੱਗ ਵਿਧੀਆਂ ਰਾਹੀਂ ਇਸ ਮਕਸਦ ਨੂੰ ਅਗਰਭੂਮ ਵਿਚ ਲਿਆਉਂਦਾ ਹੈ। ਇਨ੍ਹਾਂ ਵਿਧੀਆਂ ਨੂੰ ਇਸ ਪ੍ਰਕਾਰ ਸਮਝਿਆ ਜਾ ਸਕਦਾ ਹੈ:

1. ਇਤਿਹਾਸਕ ਹਵਾਲਿਆਂ ਰਾਹੀਂ ਵਰਤਮਾਨ ਪ੍ਰਤੀ ਚੇਤਨਤਾ ਜਗਾਉਂਦਿਆਂ ਮਨੁੱਖੀ ਅਧਿਕਾਰਾਂ ਦੀ ਰਾਖੀ ਦਾ ਆਹਵਾਨ।

2. ਮੌਜੂਦਾ ਸਮੱਸਿਆਵਾਂ 'ਤੇ ਟਿੱਪਣੀ ਕਰਦਿਆਂ ਮਨੁੱਖੀ ਅਧਿਕਾਰਾਂ ਪ੍ਰਤੀ ਚੇਤਨਾ ਜਗਾਉਣਾ।

3. ਪਰਿਵਾਰਕ ਮਾਹੌਲ ਦੁਆਰਾ ਸਮਾਜੀ/ਰਾਜਸੀ ਚੇਤਨਾ ਦਾ ਸੰਚਾਰ ਕਰਦਿਆਂ ਮਨੁੱਖੀ ਅਧਿਕਾਰਾਂ ਦਾ ਗੌਰਵ ਸਥਾਪਿਤ ਕਰਨਾ।

ਉਪਰੋਕਤ ਤਿੰਨੇ ਵਿਧੀਆਂ ਕਾਰਗਰ ਸਾਬਤ ਹੋਈਆਂ ਹਨ। ਉਦਾਹਰਣ ਵਜੋਂ ਪਹਿਲੀ ਵਿਧੀ ਅਧੀਨ 'ਧਮਕ ਨਗਾਰੇ ਦੀ', 'ਚਾਂਦਨੀ ਚੌਕ ਤੋਂ ਸਰਹਿੰਦ ਤੀਕ', 'ਵੰਗਾਰ' ਆਦਿ ਨਾਟਕ ਲਏ ਜਾ ਸਕਦੇ ਹਨ। 'ਦੁੱਲਾ ਭੱਟੀ', 'ਛੋਟੇ ਸਾਹਿਬਜ਼ਾਦੇ' ਤੇ 'ਭਗਤ ਸਿੰਘ' ਦੇ ਇਤਿਹਾਸਕ ਹਵਾਲੇ ਮਨੁੱਖੀ ਅਧਿਕਾਰਾਂ ਦੇ ਘਾਣ 'ਤੇ ਤਿੱਖੀ ਟਿੱਪਣੀ ਕਰਦੇ ਹੋਏ ਮੌਜੂਦਾ ਸਮੇਂ ਵਿਚ ਚੱਲ ਰਹੀ ਮਨੁੱਖੀ ਅਧਿਕਾਰਾਂ ਦੀ ਲੜਾਈ ਨਾਲ ਜੁੜ ਜਾਂਦੇ ਹਨ। 'ਚਾਂਦਨੀ ਚੌਕ ਤੋਂ ਸਰਹਿੰਦ ਤੀਕ' ਵਿਚਲਾ ਤਜਰਬਾ-ਏ-ਵਕਤ ਇਸ ਦੀ ਸਟੀਕ ਉਦਾਹਰਣ ਹੈ। ਜੇ ਤਿੰਨ ਸਦੀਆਂ ਪਹਿਲੇ ਵਜ਼ੀਰ ਖਾਨ ਅਤੇ ਅੱਜ ਦੇ ਲੋਟੂ ਹਾਕਮਾਂ ਦੀ ਸੁਰ ਰਲਦੀ ਹੈ ਤਾਂ ਨਾਲ ਦੀ ਨਾਲ ਤਿੰਨ ਸਦੀਆਂ ਪਹਿਲਾਂ ਹਾਅ ਦਾ ਨਾਅਰਾ ਮਾਰਨ ਵਾਲੇ ਨਵਾਬ ਸ਼ੇਰ ਮੁਹੰਮਦ ਤੇ ਅੱਜ ਦੇ ਨਾਟਕਕਾਰ ਤੇ ਰੰਗਕਰਮੀ ਗੁਰਸ਼ਰਨ ਸਿੰਘ ਦੀ ਤਾਸੀਰ ਵੀ ਰਲਦੀ ਹੈ। ਉਦੋਂ ਕੇਵਲ ਹਾਅ ਦਾ ਨਾਅਰਾ ਵੱਜਿਆ ਸੀ ਤੇ ਹੁਣ ਰੰਗਕਰਮੀ ਗੁਰਸ਼ਰਨ ਸਿੰਘ ਆਪਣੇ ਰੰਗਕਰਮ ਰਾਹੀਂ ਬਹੁਤ ਸਾਰਿਆਂ ਨੂੰ ਹਾਅ ਦਾ ਨਾਅਰਾ ਮਾਰਨ ਤੋਂ ਅੱਗੇ ਲੈ ਜਾ ਕੇ ਸੰਘਰਸ਼ ਦੇ ਰਾਹ 'ਤੇ ਤੋਰਨ ਦਾ ਕਾਰਜ ਕਰਦਾ ਹੈ। ਪਹਿਲੀ ਵਿਧੀ ਰਾਹੀਂ ਇਤਿਹਾਸ ਦੇ ਹਵਾਲੇ ਨਾਲ ਮਨੁੱਖੀ ਅਧਿਕਾਰਾਂ ਦੇ ਹਨਨ 'ਤੇ ਕੇਂਦ੍ਰਿਤ ਨਾਟ-ਵਸਤੂ ਅੱਗੇ ਜਾ ਕੇ ਵਰਤਮਾਨ ਹਾਲਾਤ 'ਤੇ ਟਿੱਪਣੀ ਦੇ ਰੂਪ ਵਿਚ ਸਿਖਰ ਗ੍ਰਹਿਣ ਕਰਦੀ ਹੈ। 'ਚਾਂਦਨੀ ਚੌਕ ਤੋਂ ਸਰਹਿੰਦ ਤੀਕ' ਦਾ 'ਵਕਤ' ਅੱਜ 'ਤੇ ਵੀ ਨਜ਼ਰ ਰੱਖ ਰਿਹਾ ਹੈ ਤੇ ਅਤੀਤ 'ਤੇ ਵੀ ਕਿਉਂਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਦੀ ਉਦੋਂ ਵੀ ਲੋੜ ਸੀ ਤੇ ਹੁਣ ਵੀ ਹੈ।

ਦੂਜੀ ਪਰਤ ਵਿਚ ਗੁਰਸ਼ਰਨ ਸਿੰਘ ਦੇ 'ਕਰਫਿਊ', 'ਚੰਡੀਗੜ੍ਹ ਪੁਆੜੇ ਦੀ ਜੜ੍ਹ', 'ਰਾਜ ਸਾਹਿਬਾਂ ਦਾ', 'ਇਕ ਕੁਰਸੀ ਇਕ ਮੋਰਚਾ ਤੇ ਹਵਾ ਵਿਚ ਲਟਕਦੇ ਲੋਕ', 'ਹਵਾਈ ਗੋਲੇ' ਆਦਿ ਨਾਟਕਾਂ ਤੋਂ ਲੈ ਕੇ 'ਕੰਮੀਆਂ ਦਾ ਵਿਹੜਾ', 'ਬੇਗਮੋ ਦੀ ਧੀ', 'ਲੀਰਾਂ', 'ਸੁਖੀ ਬਸੈ ਮਸਕੀਨੀਆਂ' ਆਦਿ ਨਾਟਕ ਆਉਂਦੇ ਹਨ ਜਿਹੜੇ ਭਾਰਤ ਦੀ ਮੌਜੂਦਾ ਸਥਿਤੀ ਵਿਸ਼ੇਸ਼ ਕਰ 1975 ਤੋਂ ਬਾਅਦ ਦੇ ਪਿਛਲੇ ਤਿੰਨ-ਸਾਢੇ ਤਿੰਨ ਦਹਾਕਿਆਂ ਦੌਰਾਨ ਹੋਏ ਮਾਨਵੀ ਅਧਿਕਾਰਾਂ ਦੇ ਘਾਣ 'ਤੇ ਕੇਂਦ੍ਰਿਤ ਹਨ। ਗੁਰਸ਼ਰਨ ਸਿੰਘ ਦੀ ਤਿੱਖੀ ਨਜ਼ਰ ਹਰ ਵਰਗ 'ਤੇ ਕੇਂਦ੍ਰਿਤ ਹੈ। ਇਸ ਵਿਚ ਸਰਕਾਰ ਦੇ ਪ੍ਰਸ਼ਾਸਨ ਤੋਂ ਲੈ ਕੇ ਪੁਲਿਸ ਤੇ ਅੱਤਵਾਦੀਆਂ

ਤੀਕ ਸਾਰੀਆਂ ਧਿਰਾਂ ਸ਼ਾਮਿਲ ਹਨ। ਉਹ ਕਿਸੇ ਦਾ ਪੱਖ ਨਹੀਂ ਪੂਰਦਾ, ਜੇ ਪੱਖ ਪੂਰਦਾ ਹੈ ਤਾਂ ਮਾਨਵੀ ਅਧਿਕਾਰਾਂ ਨਾਲ ਜੁੜੇ ਸਰੋਕਾਰਾਂ ਦਾ। ਉਸ ਲਈ ਹਰ ਉਹ ਵਿਅਕਤੀ ਮਹੱਤਵਪੂਰਨ ਹੈ ਜਿਹੜਾ ਸੱਤਾ ਦੇ ਜ਼ੁਲਮ ਦਾ ਸ਼ਿਕਾਰ ਹੈ। ਇਸੇ ਵਿਅਕਤੀ ਦੇ ਹੱਕ ਵਿਚ ਖੜ੍ਹਨ ਲਈ ਉਹ ਕਈ ਇਕ ਨਾਟਕੀ ਜੁਗਤਾਂ ਵੀ ਵਰਤਦਾ ਹੈ। ਜਿਵੇਂ ਨੰਗਾ ਆਦਮੀ ਜਿਹਾ ਪਾਤਰ ਸਿਰਜਦਾ ਹੈ ਜਿਹੜਾ ਸੱਚ ਦਾ ਝੰਡਾ ਬਰਦਾਰ ਹੈ ਤੇ ਉਸ ਚੌਂਤਰੇ ਦੇ ਮੈਟਾਫਰ ਰਾਹੀਂ ਆਕਾਰ ਗ੍ਰਹਿਣ ਕਰਦਾ ਹੈ ਜਿਸ 'ਤੇ ਚੜ੍ਹ ਕੇ ਸੱਚ ਹੀ ਬੋਲਿਆ ਜਾ ਸਕਦਾ ਹੈ। ਅਸਲ ਵਿਚ ਇਹ ਚੌਂਤਰਾ ਗੁਰਸ਼ਰਨ ਸਿੰਘ ਦਾ ਨਾਟ-ਮੰਚ ਹੈ ਜਿਥੋਂ ਸੱਚ ਦੀ ਧੁਨੀ ਗੂੰਜਦੀ ਹੈ।

ਇਸੇ ਕੜੀ ਵਿਚ ਤੀਜੀ ਪਰਤ ਅਧੀਨ ਉਹ ਨਾਟਕ ਆਉਂਦੇ ਹਨ ਜਿੱਥੇ ਪਰਿਵਾਰਕ ਮਾਹੌਲ ਰਾਹੀਂ ਮਾਨਵੀ ਅਧਿਕਾਰਾਂ ਦੀ ਚੇਤਨਾ ਦੀ ਗੱਲ ਕੀਤੀ ਗਈ ਹੈ। ਗੁਰਸ਼ਰਨ ਸਿੰਘ ਦੇ ਮੁੱਢਲੇ ਦੌਰ ਵਿਚਲੇ 'ਬੰਦ ਕਮਰੇ' ਤੋਂ ਲੈ ਕੇ ਅਗਲੇ ਦੌਰ ਦੇ 'ਨਾਇਕ' ਤੱਕ ਇਹ ਵਿਧੀ ਵਰਤੀ ਗਈ ਹੈ। ਜਿਥੇ 'ਬੰਦ ਕਮਰੇ' ਸੋਚ ਦੀ ਗ਼ੁਲਾਮੀ ਤੋਂ ਮੁਕਤ ਹੋਣ ਦਾ ਆਹਵਾਨ ਹੈ ਉਥੇ 'ਨਾਇਕ' ਵਿਚ ਪੀੜ੍ਹੀ-ਪਾੜੇ ਨੂੰ ਪੀੜ੍ਹੀ-ਸੁਮੇਲ ਵਿਚ ਤਬਦੀਲ ਕਰਦਿਆਂ ਮਾਨਵੀ ਹੱਕਾਂ ਲਈ ਸੰਘਰਸ਼ ਵਿਚ ਪਿਉ-ਪੁੱਤਰ ਨੂੰ ਇਕੱਠਿਆਂ ਤੋਰਿਆ ਗਿਆ ਹੈ।

ਅਸਲ ਵਿਚ ਗੁਰਸ਼ਰਨ ਸਿੰਘ ਦਾ ਨਾਟ-ਮੰਚ ਇਸ ਤੱਥ ਨੂੰ ਦ੍ਰਿੜ੍ਹਾਉਂਦਾ ਹੈ ਕਿ ਗੁਰਸ਼ਰਨ ਸਿੰਘ ਮਨੁੱਖੀ ਅਧਿਕਾਰਾਂ ਦਾ ਝੰਡਾ ਬਰਦਾਰ ਹੈ। ਇਸਤਰੀਆਂ, ਬੱਚੇ, ਕਿਸਾਨ, ਮਜ਼ਦੂਰ, ਆਮ ਲੋਕ ਸਾਰੇ ਹੀ ਇਸ ਭ੍ਰਿਸ਼ਟ ਸਿਸਟਮ ਵਿਚ ਪਿਸ ਰਹੇ ਹਨ। ਪੁਲਿਸ, ਪ੍ਰਸ਼ਾਸਨ, ਰਾਜਨੀਤੀ ਤੇ ਅਕਾਦਮਿਕ ਅਦਾਰੇ ਉਨ੍ਹਾਂ ਦੇ ਬੁਨਿਆਦੀ ਹੱਕਾਂ ਨੂੰ ਖੋਹਣ 'ਤੇ ਲੱਗੇ ਹੋਏ ਹਨ। ਇਕ ਵੈਲਫੇਅਰ ਸਟੇਟ ਹੋਣ ਦੀ ਦੁਹਾਈ ਦੇਣ ਦੇ ਬਾਵਜੂਦ ਸਿਹਤ ਤੇ ਸਿੱਖਿਆ ਜਿਹੀਆਂ ਬੁਨਿਆਦੀ ਲੋੜਾਂ ਤੋਂ ਸਰਕਾਰ ਮੂੰਹ ਵੱਟੀ ਬੈਠੀ ਹੈ। ਆਮ ਆਦਮੀ ਕਿਤੇ ਵੀ ਸੁਰੱਖਿਅਤ ਨਹੀਂ। ਜ਼ਾਹਿਰ ਹੈ ਕਿ ਅਜਿਹੇ ਸਮੇਂ ਗੁਰਸ਼ਰਨ ਸਿੰਘ ਜਿਹੇ ਪ੍ਰਤੀਬੱਧ ਵਿਅਕਤੀਆਂ ਦੀ ਭੂਮਿਕਾ ਹੀ ਕਿਸੇ ਸਾਰਥਕ ਪ੍ਰਾਪਤੀਆਂ ਵੱਲ ਹੋ ਸਕਦੀ ਹੈ। ਗੁਰਸ਼ਰਨ ਸਿੰਘ ਨੇ ਪੰਜਾਬੀ ਨਾਟ-ਮੰਚ ਖੇਤਰ ਵਿਚ ਇਹ ਪਹਿਲਕਦਮੀ ਕੀਤੀ ਹੈ ਤੇ ਇਨ੍ਹਾਂ ਸਤਰਾਂ ਦੇ ਲੇਖਕ ਜਿਹੇ ਸੈਂਕੜੇ ਰੰਗਕਰਮੀ ਇਸ ਰਾਹ 'ਤੇ ਤੁਰੇ ਹੋਏ ਹਨ। ਬਰੈਖ਼ਤ ਦੇ ਨਿਮਨਲਿਖਤ ਬੋਲਾਂ 'ਤੇ ਪੂਰੇ ਉਤਰਦਿਆਂ ਗੁਰਸ਼ਰਨ ਸਿੰਘ ਦਾ ਨਾਟ-ਕਰਮ ਤੇ ਰੰਗਕਰਮ ਆਪਣੀ ਬਾਮਕਸਦ ਜ਼ਿੰਮੇਵਾਰੀ ਨਿਭਾ ਰਿਹਾ ਹੈ:

*ਕੀ ਜ਼ੁਲਮਤਾਂ ਦੇ ਦੌਰ ਵਿਚ ਵੀ ਗੀਤ ਗਾਏ ਜਾਣਗੇ?*
*ਹਾਂ, ਜ਼ੁਲਮਤਾਂ ਦੇ ਦੌਰ ਵਿਚ ਹੀ ਗੀਤ ਗਾਏ ਜਾਣਗੇ।*

ਤੇ ਗੁਰਸ਼ਰਨ ਸਿੰਘ ਅਜਿਹਾ ਹੀ ਇਕ ਗੀਤ ਹੈ ਜਿਸ ਨੂੰ 'ਮਨੁੱਖੀ ਅਧਿਕਾਰਾਂ ਦਾ ਝੰਡਾ ਬਰਦਾਰ' ਕਹਿਣਾ ਹੀ ਬਣਦਾ ਹੈ।